# ਰੇਡੀਓ ਲੜੀਵਾਰ - ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-36, ਖੇਤੀ ਵੰਨ ਸੁਵੰਨਤਾ ( ਜੈਵ-ਵਿਭਿੰਨਤਾ) ਟਿਕਾਊ ਹੋਂਦ ਦੀ ਬੁਨਿਆਦ

**(Agricultural Biodiversity-The basis of sustained existence)**

ਲੇਖਣ ਤੇ ਖੋਜ-ਡਾ. ਅਨੁਰਾਗ ਸਰਮਾ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(The episode deal with the importance of crops and animal stock diversity and their importance for sustainable development. The episode also throws light on modern agriculture practices and loss of traditional knowledge system along with their impact of green revolution on environment. The serial conclude with a message on adopting eco-friendly practices to ensure sustainable development and agri biodiversity is a pre requisit for sustainable life )

(ਇਸ ਕੜੀ ਵਿਚ ਖੇਤੀ ਵਿਚ ਮੌਜੂਦ ਫ਼ਸਲਾਂ ਦੀ ਵੰਨ ਸੁਵੰਨਤਾ (ਜੈਵ ਵਿਭਿੰਨਤਾ) ਅਤੇ ਸਾਡੇ ਪਸ਼ੂਆਂ ਵਿਚ ਮੌਜੂਦ ਜੈਵ ਵਿਭਿੰਨਤਾ ਦੀ ਲੋੜ ਅਤੇ ਟਿਕਾਊ ਵਿਕਾਸ ਵਿਚ ਇਸ ਦੀ ਮਹੱਤਤਾ ‘ਤੇ ਚਾਨਣਾ ਪਾਇਆ ਜਾਵੇਗਾ। ਇਸ ਕੜੀ ਵਿੱਚ ਆਧੁਨਿਕ ਖੇਤੀ ਬਾੜੀ ਅਮਲਾਂ ਤੇ ਵਰਤਾਰਿਆਂ ਬਾਬਤ ਚਰਚਾ ਦੇ ਨਾਲ-ਨਾਲ ਰਵਾਇਤੀ ਗਿਆਨ ਪ੍ਰਣਾਲੀ ਦੇ ਅਲੋਪ ਹੋਣ ਨਾਲ ਨੁਕਸਾਨਾਂ ਬਾਬਤ ਵੀ ਚਰਚਾ ਹੈ ! ਇਸ ਕਾਰਨ ਵਾਤਾਵਰਨ ‘ਤੇ ਪੈਣ ਵਾਲੇ ਬੁਰੇ ਪ੍ਰਭਾਵ ਬਾਰੇ ਦੱਸਣ ਦੇ ਨਾਲ-ਨਾਲ ਹਰੀ ਕ੍ਰਾਂਤੀ ਦੌਰਾਨ ਅਪਣਾਏ ਗਏ ਖੇਤੀ ਦੇ ਤਰੀਕਿਆਂ ਦੁਆਰਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘੱਟਾਉਣ ਅਤੇ ਖਾਣੇ ਨੂੰ ਵੀ ਦੂਸ਼ਿਤ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ ।ਇਸ ਕੜੀ ਦੇ ਸਿੱਟੇ ਵਿੱਚ ਸਾਰ ਤੱਤ ਪੇਸ਼ ਕੀਤਾ ਹੈ ਤੇ ਸੰਦੇਸ਼ ਦਿੱਤਾ ਹੈ ਕਿ ਟਿਕਾਊ ਵਿਕਾਸ ਵਾਸਤੇ ਤੇ ਮਨੁਖ ਦੇ ਟਿਕਾਊ ਜੀਵਣ ਵਾਸਤੇ ਖੇਤੀ ਵਿਭਿੰਨਤਾ ਜਰੂਰੀ ਹੈ ਅਤੇ ਇਸ ਕਾਰਜ ਦੀ ਪੂਰਤੀ ਵਾਸਤੇ ਜਰੂਰੀ ਹੈ ਕਿ ਅਸੀਂ ਪਰਿਆਵਰਣੀ ਪ੍ਰਣਾਲੀ ਦੇ ਅਨੁਕੂਲ ਤਕਨੀਕਾਂ ਨੂੰ ਅਪਣਾਈਏ ! ਇਹ ਨੇ ਮੁੱਦੇ ਜੋ ਉਠਾਏ ਗਏ ਨੇ ਇਸ ਪੇਸ਼ਕਾਰੀ ਦੇ ਵਿੱਚ!)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਡਾ. ਨੀਲ: ਵਿਗਿਆਨ ਸੰਸਥਾ ਦੇ ਵਿਭਾਗੀ ਅਧਿਕਾਰੀ

ਡਾ. ਰਮਨ: ਪ੍ਰਧਾਨ ਵਿਗਿਆਨੀ

ਡਾ: ਬਲਵਿੰਦਰ: ਸੀਨੀਅਰ ਵਿਗਿਆਨ ਅਧਿਕਾਰੀ

ਡਾ. ਸੁਨੀਤਾ : ਸੀਨੀਅਰ ਵਿਗਿਆਨੀ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ…)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਪੈਂਤੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ਤੇ ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ ਨੂੰ ਲੈਕੇ ! ਕਹਾਣੀ ਹੈ ਸਾਡੀ ਖੇਤੀ ਵਿੱਚ 'ਤੇ ਪਸ਼ੂ ਧਨ ਵਿੱਚ ਵੰਨ -ਸੁਵੰਨਤਾ ਦੀ ! ਕਹਾਣੀ ਹੈ ਆਧੁਨਿਕ ਖੇਤੀ ਤਕਨੀਕਾਂ ਨਾਲ ਨਸ਼ਟ ਹੋਏ ਨਰੋਏ ਰਵਾਇਤੀ ਅਮਲਾਂ ਦੀ ! ਕੀਤੀ ਹੈ ਚਰਚਾ ਕਿ ਕਿਵੇਂ ਹੈ ਇਹ ਵੰਨ -ਸੁਵੰਨਤਾ ਸਾਡੀ ਟਿਕਾਊ ਹੋਂਦ ਦੀ ਬੁਨਿਆਦ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 36ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਅਸੀਂ ਟਿਕਾਊ ਵਿਕਾਸ ਦੀ ਚਰਚਾ ਦੇ ਮੁੱਦਿਆਂ ਦਾ ਸਾਰ !

**ਔਰਤ ਸੂਤਰਧਾਰ:** ਹੋਈ ਸੀ ਗੱਲ ਸ੍ਰੋਤਾਂ ਦੀ ਕਾਣੀ ਵੰਡ ਦੀ ਵਿਡੰਬਨਾ ਦੀ ! 80% ਸ੍ਰੋਤਾਂ ਤੇ ਕਾਬਜ ਉਪਰਲੇ 20 % , ਨਿਚਲੇ 40% ਨੂੰ ਕੇਵਲ 5% ਤੇ ਆਖੀਰਲੇ 20 % ਨੂੰ 2% ਹੀ !

**ਮਰਦ ਸੂਤਰਧਾਰ:** ਭਾਰਤ ਵਿੱਚ ਉਪਰਲੇ 1% ਕੋਲ ਹੈ 58% ਸੰਪਤੀ ਜਦ ਕਿ ਉਪਰਲੇ 10% ਦੀ ਹੈ 79%

**ਔਰਤ ਸੂਤਰਧਾਰ:** ਦੱਸਿਆ ਸੀ ਕਿ ਕੁਦਰਤੀ ਸ੍ਰੋਤਾਂ ਦੀ ਅੰਧਾ-ਧੁੰਦ ਵਰਤੋਂ ਕਰ ਰਹੀ ਹੈ ਨਾਸ ਸਾਡੀ ਪਰਿਆਵਰਣੀ ਪ੍ਰਣਾਲੀ ਦਾ! ਅਨਮੋਲ ਨੇ ਨਾ-ਨਾ ਪ੍ਰਕਾਰ ਦੇ ਪ੍ਰਸਿਥਿਤਿਕ ਤੰਤਰ!ਹੋ ਰਹੀਆਂ ਨੇ ਕੋਸ਼ਿਸ਼ਾ ਕੁਦਰਤ ਵਿਰੋਧੀ ਬਦਲਾਅ ਨੂੰ ਠੱਲ੍ਹ ਪਾਉਣ ਵਾਸਤੇ ਸੰਸਾਰ ਪੱਧਰ 'ਤੇ !

**ਮਰਦ ਸੂਤਰਧਾਰ:** ਪੇੜਾਂ ਤੋਂ ਮਿਲਦੀ ਸ਼ੁੱਧ ਹਵਾ , ਝਰਨਿਆਂ ਦਾ ਨਿਰਮਲ ਪਾਣੀ , ਧਰਤੀ ਦੀ ਜਰਖੇਜ ਮਿੱਟੀ ਦਾ ਮੁੱਲ ਨਹੀਂ ਆਂਕਿਆ ਜਾ ਸਕਦਾ ਸਿੱਕਿਆਂ ਦੀ ਚਮਕ ਦੇ ਵਿੱਚ !

**ਔਰਤ ਸੂਤਰਧਾਰ:** ਬਦਲ ਦਿੱਤਾ ਹੈ ਅਸੀਂ ਧਰਤੀ ਦੇ ਪਟ-ਸਥਲ ਨੂੰ ਹੀ ! ਚੀਰ ਦਿੱਤਾ ਸੀਨਾ , ਢਾਹ ਦਿੱਤੇ ਟਿੱਬੇ , ਤੋੜ ਦਿੱਤੇ ਪਹਾੜ , ਵੱਢ ਦਿੱਤੇ ਜੰਗਲ !

**ਮਰਦ ਸੂਤਰਧਾਰ:** ਹਾਂ ਜੀ ! ਸੈਰ ਸਪਾਟੇ ਦੇ ਨਾਮ ਤੇ ਨਾਸ ਮਾਰ ਦਿੱਤਾ ਪਹਾੜੀ ਪ੍ਰਸਿਥਿਤਿਕ ਤੰਤਰ ਦੀਆਂ ਪ੍ਰਣਾਲੀਆਂ ਦਾ !

**ਔਰਤ ਸੂਤਰਧਾਰ:** ਜੈਵਿਕ ਵੰਨ -ਸੁਵੰਨਤਾ ਦੇ ਤੇਜੀ ਨਾਲ ਖਤਮੇ ਵੱਲ ਵਧਣ ਕਰਕੇ ਪੈਦਾ ਹੋ ਰਿਹਾ ਹੈ ਵਿਗਾੜ ਸਾਡੇ ਕੁਦਰਤੀ ਸੰਤੁਲਨ ਵਿੱਚ !

**ਮਰਦ ਸੂਤਰਧਾਰ:** ਬਦਲ ਰਹੀ ਹੈ ਸਾਡੀ ਇਹ ਜਿਉਂਦੀ ਜਾਗਦੀ ਧਰਤੀ ਮਾਰੂਥਲ ਦੇ ਵਿੱਚ ! ਮਰ ਰਹੀ ਹੈ ਮਿੱਟੀ !

**ਔਰਤ ਸੂਤਰਧਾਰ:** ਧਰਤੀ ਦਾ ਸੀਨਾ ਪਾੜ ਕੇ ਹ ਰਹੇ ਖਣਨ ਨਾਲ ਵਾਤਾਵਰਣ , ਹੋ ਹਿਾ ਹੈ ਮਲੀਨ , ਪਾਣੀ ਹਵਾ ਤੇ ਧਰਤੀ ਹੋ ਗਏ ਗੰਧਲੇ ! ਟਿਕਾਊ ਖਣਨ ਵਿਰੋਧੀ ਮਾਫੀਏ ਨੇ ਇਸ ਗੰਧਲੇਪਣ ਨੂੰ ਵਧਾਉਣ ਦੇ ਨਾਲ ਕਰ ਦਿੱਤਾ ਜੁਰਮਾਂ ਵਿੱਚ ਵਾਧਾ ਵੀ !

**ਮਰਦ ਸੂਤਰਧਾਰ:** ਚਰਚਾ ਵਿੱਚੋਂ ਨਿੱਕਲ ਕੇ ਸਾਹਮਣੇ ਆਇਆ ਸੀ ਸੱਚ ਕਿ ਇਹ ਸ੍ਰੋਤ ਸਾਨੂੰ ਮਿਲੇ ਨੇ ਵਿਰਾਸਤ ਦੇ ਵਿੱਚ ਤੇ ਸਾਡੀ ਵੀ ਹੈ ਜਿੰਮੇਵਾਰੀ ਵਿੱਚ ਵਿਰਾਸਤ ਦੇ ਕੇ ਜਾਣਾ ! ਲੋੜ ਹੈ ਕੱਲ੍ਹ ਦੀ ਫਿਕਰ ਦੀ ਵੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – "**ਚਲਦੀ ਰਹੇ ਇਹ ਜਿੰਦਗੀ**" ਦੀ 36ਵੀਂ ਕੜੀ, "**ਖੇਤੀ ਵੰਨ ਸੁਵੰਨਤਾ ( ਜੈਵ-ਵਿਭਿੰਨਤਾ) ਟਿਕਾਊ ਹੋਂਦ ਦੀ ਬੁਨਿਆਦ**" ! ਸੁਣੋ ਇਉਂ ਤੁਸੀਂ ਸਾਡੇ ਇਨ੍ਹਾਂ ਕਲਾਕਾਰਾਂ ਤੋਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ** ………………………………**ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

ਦ੍ਰਿਸ਼ –ਪਹਿਲਾ

**(ਕੁਝ ਲੋਕਾਂ ਦੀਆਂ ਉੱਚੀਆਂ-ਉੱਚੀਆਂ ਅਵਾਜ਼ਾਂ….ਕਿਸੇ ਕਮਰੇ ਵਿਚ…)**

**ਡਾ. ਰਮਨ:** ਕਿਉਂ ? ਕੀ ਕਹਿੰਦੇ ਹੋ ? ਜ਼ਰੂਰਤ ਨਹੀਂ ਤਕਨਾਲੋਜੀ ਦੀ…? ਕਿਸਾਨ ਦੀ ਹਾਲਤ ਵਿਚ ਸੁਧਾਰ ਅਤੇ ਖਾਧ ਸੁਰੱਖਿਆ ਦੇ ਲਈ ਵੀ ਤਕਨਾਲੋਜੀ ਜ਼ਰੂਰੀ ਹੈ…

**ਡਾ. ਨੀਲ:** ਕਿਸ ਨੇ ਕਿਹਾ ਹੈ ਕਿ ਤਕਨਾਲੋਜੀ ਦੀ ਜ਼ਰੂਰਤ ਨਹੀਂ ? ਚਰਚਾ ਕੀ ਹੈ ਅਤੇ ਤੁਸੀਂ ਗੱਲ ਨੂੰ ਕਿੱਥੇ ਲੈ ਕੇ ਜਾ ਰਹੇ ਹੋ…!

**ਡਾ. ਰਮਨ:** ਚਲੋ ਤੁਸੀਂ ਹੀ ਦੱਸੋ ਕਿ ਕੀ ਹੈ ਚਰਚਾ ?

**ਡਾ. ਸੁਨੀਤਾ:** ਖੇਤੀ ਵਿੱਚ ਚੁਤਰਫਾ ਸੰਕਟ ਹੈ ! ਹੱਲ ਹੈ ਟਿਕਾਊ ਖੇਤੀ ! ਦਰਅਸਲ ਮੁੱਦਾ ਤਾਂ ਇਹ ਹੈ ਕਿ ਟਿਕਾਊ ਖੇਤੀ ਵਿਵਸਥਾ ਕਿਵੇਂ ਸਥਾਪਿਤ ਕੀਤੀ ਜਾਵੇ ?

**ਡਾ. ਬਲਵਿੰਦਰ:** ਤੁਸੀਂ ਤਿੰਨੇ ਲੜ ਕਿਉਂ ਰਹੇ ਹੋ ? ਫੈਸਲਾ ਤਾਂ ਇਹ ਸੀ ਕਿ ਅਸੀਂ ਚਾਰੇ ਸ਼ਨੀਵਾਰ ਨੂੰ ਕਿਸੇ ਵਿਸ਼ੇਸ਼ ਮੁੱਦੇ 'ਤੇ ਚਰਚਾ ਕਰਾਂਗੇ ਤੇ ਉਸ ਚਰਚਾ ਦਾ ਵਿਸਤਾਰ ਅਸੀਂ ਆਪਣੀ ਸੰਸਥਾ ਦੀ ਮੈਗਜ਼ੀਨ ਵਿੱਚ ਛਾਪਣ ਦੇ ਨਾਲ-ਨਾਲ ਵੈੱਬਸਾਈਟ 'ਤੇ ਵੀ ਪਾਵਾਂਗੇ...

**ਡਾ. ਸੁਨੀਤਾ:**ਉਹੀ ਤਾਂ ਕਰ ਰਹੇ ਹਾਂ… ਬਲਵਿੰਦਰ ?

**ਡਾ. ਬਲਵਿੰਦਰ:**ਨਹੀਂ ਸੁਨੀਤਾ, ਤੁਸੀਂ ਚਰਚਾ ਨਹੀਂ ਕਰ ਰਹੇ ਬਲਕਿ ਗਰਮਾ-ਗਰਮ ਬਹਿਸ ਕਰ ਰਹੇ ਹੋ..

**ਡਾ. ਰਮਨ:** ਬਲਵਿੰਦਰ, ਚਰਚਾ ਤੇ ਬਹਿਸ ਵਿਚ ਫ਼ਰਕ ਕੀ ਹੈ …?

**ਡਾ. ਬਲਵਿੰਦਰ:** ਰਮਨ ! ਬਹਿਸ ਆਪਣੀ ਗੱਲ ਮਨਾਉਣ ਦੇ ਲਈ ਹੁੰਦੀ ਹੈ ਜਦਕਿ ਚਰਚਾ ਸੱਚ ਖੋਜਣ ਦੇ ਲਈ…!

**ਡਾ. ਨੀਲ:** ਵਾਹ! ਬਲਵਿੰਦਰ ! ਆਹ ਗੱਲ ਤਾਂ ਤੁਸੀਂ ਕਮਾਲ ਦੀ ਆਖੀ…! ਚਲੋ ਇਸੇ 'ਤੇ ਇਕ-ਇਕ ਕੱਪ ਕੌਫ਼ੀ ਦਾ ਹੋਰ ਬਣਾ ਲੈਂਦੇ ਹਾਂ.. ਲਿਆਉ.. ਆਪਣੇ-ਆਪਣੇ ਕੱਪ ਦੇ ਦਿਉ…

(ਮਾਈਕ੍ਰੋਵੇਵ ਦਾ ਕਵਰ ਖੁੱਲ੍ਹਣ ਅਤੇ ਬੰਦ ਹੋਣ ਦੀ ਅਵਾਜ਼.... ਅਤੇ ਫਿਰ ਬੀਪ...)

**ਡਾ. ਬਲਵਿੰਦਰ:** ਵਾਹ ! ਮਾਈਕ੍ਰੋਵੇਵ ਵੀ ਕਿਆ ਖੋਜ ਹੈ ! ਸਕਿੰਟਾਂ ਵਿੱਚ ਦੁੱਧ ਗਰਮ ਅਤੇ ਕੌਫੀ ਤਿਆਰ...!

**ਡਾ. ਰਮਨ:** ਪਰਸੀ ਸਪੈਂਸਰ... ਦਾ ਧਨਵਾਦ ਕਰੋ !

**ਡਾ. ਸੁਨੀਤਾ:** ਪਰਸੀ ਸਪੈਂਸਰ... ?

**ਡਾ. ਰਮਨ:** ਹਾਂ ਉਸੇ ਨੇ ਹੀ ਤਾਂ ਮਾਈਕ੍ਰੋਵੇਵ ਖੋਜਿਆ ਸੀ...!

------------ਹੱਸੀ-----------

**ਡਾ. ਨੀਲ:** ਲਉ ਕੌਫੀ ਲਉ...! ਰਮਨ ! ਤਕਨਾਲੌਜੀ ਬਾਬਤ ਤਾਂ ਤੁਹਾਡੀਆਂ ਗੱਲਾਂ ਸਹੀ ਹਨ ਪਰ ਕੀ ਕੋਈ ਵੀ ਤਕਨਾਲੌਜੀ ਜੈਵ ਵਿਭਿੰਨਤਾ ਦਾ ਵਿਕਲਪ ਹੋ ਸਕਦੀ ਹੈ...? ਖੇਤੀ ਨੂੰ ਹੀ ਲੈ ਲਉ। ਕਿੰਨੀ ਜੈਵ ਵਿਭਿੰਨਤਾ ਸੀ, ਖੇਤਾਂ ਵਿੱਚ ! ਨਵੀਂਆਂ ਤਕਨਾਲੌਜੀਆਂ ਨੇ ਤਾਂ ਇਸ ਜੈਵ ਵਿਭਿੰਨਤਾ ਦਾ ਘਾਣ ਹੀ ਕਰ ਦਿੱਤਾ !

**ਡਾ. ਰਮਨ:** ਕਿਵੇਂ ਕਹਿੰਦੇ ਹੋ ਤੁਸੀਂ ਕਿ ਤਕਨਾਲੋਜੀ ਨੇ ਨਾਸ ਮਾਰ ਦਿੱਤਾ ਜੈਵ-ਵੰਨ ਸੁਵੰਨਤਾ ਦਾ ?

**ਡਾ. ਬਲਵਿੰਦਰ:** ਵੇਖੋ ਰਮਨ ! ਕਹਿੰਦੇ ਨੇ ਕਿ ਚੌਲਾਂ ਦੀਆਂ ਭਾਰਤ ਵਿਚ ਹੀ ਕਰੀਬ ਡੇਢ ਲੱਖ ਵੰਨਗੀਆਂ ਸਨ ! ਦਿੱਲੀ ਸਥਿਤ ਜੀਨ ਬੈਂਕ ( ਗੁਣ -ਸੂਤਰ ਕੋਸ਼ ) ਵਿਚ ਵੀ ਨੇ ਅੰਦਾਜ਼ਨ 50,000 ਜਦ ਕਿ ਅੰਤਰਰਾਸ਼ਟਰੀ ਗੁਣ -ਸੂਤਰ ਕੋਸ਼ (ਜੀਨ ਬੈਂਕ) ਵਿਚ ਪਈਆਂ ਨੇ ਇਕ ਲੱਖ ਦੇ ਕਰੀਬ... ਚੌਲਾਂ ਦੀਆਂ ਇਹ ਵੰਨਗੀਆਂ !

**ਡਾ. ਰਮਨ:** ਹਾਂ ! ਇਹ ਤਾਂ ਠੀਕ ਹੈ ਪਰ ਤੁਸੀਂ ਇਸ ਤੱਥ ਤੋਂ ਕੀ ਸਿੱਟਾ ਕੱਢਣਾ ਚਾਹੁੰਦੇ ਹੋ ?

**ਡਾ. ਬਲਵਿੰਦਰ:** ਸਿੱਟਾ ! ਸਿੱਟਾ ਤਾਂ ਸਾਡੀਆਂ ਅੱਖਾਂ ਸਾਹਮਣੇ ਪਿਆ ਹੈ ਕਿ 1960 ਵਿੱਚ ਹਰੀ ਕ੍ਰਾਂਤੀ ਦੇ ਆਉਣ ਤੋਂ ਬਾਅਦ ਝੋਨੇ ਦੀਆਂ ਇਨ੍ਹਾਂ ਲੱਖਾਂ ਵੰਨਗੀਆਂ ਵਿੱਚੋਂ ਕੇਵਲ ਬਹੁਤ ਨਾ - ਮਾਤਰ ਹੀ ਵਪਾਰਕ ਤੌਰ 'ਤੇ ਉਗਾਈਆਂ ਜਾਂਦੀਆਂ ਹਨ...! ਤਾਂ ਤੁਸੀਂ ਖੁਦ ਹੀ ਦੱਸੋ ਕਿ ਜੈਵ ਵਿਭਿੰਨਤਾ ਕਿੱਥੇ ਗਈ...? ਫਰਿੱਜ ਵਿਚ...?

---------ਹੱਸੀ---------

**ਡਾ. ਸੁਨੀਤਾ:** ਤੁਹਾਨੂੰ ਤਾਂ ਪਤਾ ਹੀ ਹੋਵੇਗਾ ਨਿਕੋਲਾਈ ਇਵਾਨੋਵਿਕ ਵਾਵਿਲੋਵ ਨੇ ਭਾਰਤ ਨੂੰ ਦੁਨੀਆਂ ਦੇ ਉਨ੍ਹਾਂ ਅੱਠ ਕੇਂਦਰਾਂ ਵਿੱਚ ਰੱਖਿਆ ਸੀ ਜਿੱਥੇ ਖੁਰਾਕੀ ਫ਼ਸਲਾਂ ਦਾ ਉਦੈ ਹੋਇਆ ਹੈ...

**ਡਾ. ਨੀਲ:** ਵਾਵਿਲੋਵ ਦੇ ਅਨੁਸਾਰ ਲਗਭਗ 166 ਖੁਰਾਕੀ ਫ਼ਸਲਾਂ ਦੇ ਉਦੈ ਦਾ ਕੇਂਦਰ ਭਾਰਤ ਹੈ ਅਤੇ ਲਗਭਗ 320 ਫ਼ਸਲਾਂ ਦੇ ਜੰਗਲੀ ਰਿਸ਼ਤੇਦਾਰ ਭਾਰਤ ਵਿਚ ਹੀ ਪਾਏ ਗਏ ਹਨ...

**ਡਾ. ਬਲਵਿੰਦਰ:** ਰਮਨ ! ਯਾਰ ! ਚੌਲ, ਅਰਹਰ, ਹਲਦੀ, ਅਦਰਕ, ਕਾਲੀ ਮਿਰਚ, ਕੇਲਾ, ਕਰੇਲਾ, ਬੈਂਗਨ, ਭਿੰਡੀ, ਨਾਰਿਅਲ, ਇਲਾਇਚੀ, ਕਟਹਲ, ਗੰਨਾ, ਬਾਂਸ, ਨੀਲ, ਰਾਮਦਾਨਾ, ਅਉਲਾ, ਅੰਬ ਅਤੇ ਹੋਰ ਕੀ-ਕੀ... ਸਾਰੇ ਭਾਰਤ ਦੀ ਹੀ ਦੇਣ ਨੇ...!

**ਡਾ. ਨੀਲ:** ਗੱਲ ਤਾਂ ਬਲਵਿੰਦਰ ਠੀਕ ਹੈ ਤੇਰੀ ! ਝੋਨਾ ਤਾਂ ਦੁਨੀਆ ਨੂੰ ਭਾਰਤ ਨੇ ਹੀ ਦਿੱਤਾ ਹੈ...! ਪੰਜਾਬ ਦੇ ਦੀਨਾ ਨਗਰ ਇਲਾਕੇ ਦੇ ਬਨਾਸਪਤੀ ਚੌਲਾਂ ਦੀਆਂ ਲਪਟਾਂ ਤਾਂ ਦੂਰ ਦੂਰ ਤੱਕ ਮਸ਼ਹੂਰ ਨੇ !

**ਸੁਨੀਤਾ:** ਹਾਂ ! ਡਾ. ਬਲਵਿੰਦਰ ਨੇ ਜਿਹੜੀਆਂ ਫਲ, ਸਬਜ਼ੀਆਂ, ਮਸਾਲੇ ਆਦਿ ਦੀਆਂ ਉਦਾਹਰਨਾਂ ਦਿੱਤੀਆਂ ਨੇ ਇਨ੍ਹਾਂ ਵਿਚ ਹਰ ਪ੍ਰਜਾਤੀ ਵਿਚ ਹੀ ਅੰਤਾਂ ਦੀ ਹੈ ਜੈਵਿਕ ਵੰਨ-ਸੁਵੰਨਤਾ......! ਹੈ ਨਾ ਕਮਾਲ ਦੀ ਗੱਲ...!

**ਡਾ. ਰਮਨ:** ਉਹ ਕਿਵੇਂ ? ਸਮਝਾਉ.....

**ਡਾ. ਨੀਲ:** ਡਾ. ਬਲਵਿੰਦਰ ਨੇ ਦੱਸਿਆ ਤਾਂ ਹੈ ਕਿ ਚਾਵਲ ਦੀਆਂ 50,000 ਦੇ ਕਰੀਬ ਕਿਸਮਾਂ ਤਾਂ ਸੁਰੱਖਿਅਤ ਵੀ ਹਨ ਤੇ ਹਕੀਕਤ ਵਿੱਚ ਹੋ ਸਕਦਾ ਹੈ ਕਿ ਦੋ ਲੱਖ ਤੋਂ ਵੀ ਜ਼ਿਆਦਾ ਕਿਸਮਾਂ ਰਹੀਆਂ ਹੋਣ!

**ਸੁਨੀਤਾ:** ਤੇ ਅੰਬਾਂ ਦੀਆਂ ਵੀ ਹਜ਼ਾਰ ਤੋਂ ਜ਼ਿਆਦਾ ਨੇ, ਜਿਹੜੇ ਬਦਾਮ ਦੇ ਦਾਣੇ ਤੋਂ ਲੈ ਕੇ ਖ਼ਰਬੂਜੇ ਦੇ ਅਕਾਰ ਬਰਾਬਰ ਦੇ ਵੀ ਹੋ ਸਕਦੇ ਨੇ...!

**ਡਾ. ਬਲਵਿੰਦਰ:** ਡਾ. ਸੁਨੀਤਾ ! ਬੈਂਗਣ ਨੂੰ ਵੀ ਤਾਂ ਯਾਦ ਕਰ ਲਵੋ ... ਗੋਲ, ਮੋਟਾ, ਪਤਲਾ, ਲੰਬਾ, ਛੋਟਾ, ਸਫੇਦ, ਬੈਂਗਨੀ, ਹਰਾ... ਇਹ ਸਭ ਕੀ ਹੈ ? ਬੈਂਗਣ ਦੀ ਅਨੁਵੰਸ਼ਿਕ ਵਿਭਿੰਨਤਾ ਹੀ ਤਾਂ ਹੈ...!

**ਡਾ. ਸੁਨੀਤਾ:** ਸਾਡੇ ਗੜ੍ਹਵਾਲ ਵਿਚ ਤਾਂ ਪਹਿਲੇ ਵਖਤਾਂ ਵਿੱਚ ਬਾਰਾਂ-ਨਾਜਾ ਲਗਾਉਣਾ ਬਹੁਤ ਆਮ ਸੀ...

**ਡਾ. ਬਲਵਿੰਦਰ:** ਬਾਰਾਂ-ਨਾਜਾ? ਇਹ ਕੀ ਡਾ. ਸੁਨੀਤਾ ?

**ਡਾ. ਸੁਨੀਤਾ:** ਬਾਰਾਂ-ਨਾਜਾ... ਮਤਲਬ 12 ਪ੍ਰਕਾਰ ਦਾ ਅਨਾਜ... ਇਸ ਵਿਚ ਖੇਤੀ ਦੇ ਇਕ ਟੁਕੜੇ ਵਿਚ ਹੀ ਰਾਜਮਾਹ, ਉੜਦ ( ਮਾਂਹ ), ਮੂੰਗੀ, ਮੋਠ, ਕੁਲਥੀ ( ਘੋੜ-ਦਾਣਾ ) , ਚਲਾਈ, ਬਾਜਰਾ, ਕਰੇਲਾ, ਲੋਬੀਆ ਆਦਿ ਨੂੰ ਬਸ! ਖੇਤ ਵਿਚ ਮੁੱਠੀ ਵਿਚ ਭਰ ਕੇ ਸੁੱਟ ਦਿੱਤਾ ਜਾਂਦਾ ਸੀ ਅਤੇ ਉਹ ਪੈਦਾ ਹੋ ਜਾਂਦੇ ਸੀ...

**ਡਾ. ਰਮਨ:** ਪਰ ਇਸ ਤੋਂ ਕੁਝ ਵੀ ਕਿਤੇ ਵੀ ਪੈਦਾ ਹੋ ਜਾਂਦਾ ਹੋਵੇਗਾ.. ਇਸ ਦੀ ਤਾਂ ਸਾਂਭ-ਸੰਭਾਲ ਹੀ ਕਿੰਨਾ ਮੁਸ਼ਕਿਲ ਕੰਮ ਹੋਵੇਗਾ ?

**ਡਾ. ਨੀਲ:** ਨਹੀਂ ਰਮਨ ਅਜਿਹਾ ਨਹੀਂ... ਹਰ ਫ਼ਸਲ ਦਾ ਪੱਕ ਕੇ ਤਿਆਰ ਹੋਣ ਦਾ ਸਮਾਂ ਅਲੱਗ-ਅਲੱਗ ਹੁੰਦਾ ਹੈ, ਤਾਂ ਕਟਾਈ ਵੀ ਅਲੱਗ-ਅਲੱਗ ਸਮੇਂ 'ਤੇ ਅਤੇ ਦੂਸਰਾ ਖੇਤ ਵਿਚ ਕੋਈ ਖਾਦ ਆਦਿ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਮਿਸ਼ਰਿਤ ਵਿਧੀ ਨਾਲ ਪੋਸ਼ਣ-ਪ੍ਰਬੰਧਨ ਹੋ ਜਾਂਦਾ ਹੈ ਅਤੇ ਕੀਟ ਆਦਿ ਦੀ ਸਮੱਸਿਆ ਵੀ ਖ਼ਤਮ...!

**ਡਾ. ਬਲਵਿੰਦਰ:** ਸਭ ਤੋਂ ਵੱਡੀ ਗੱਲ ਕਿ ਸਾਲ ਭਰ ਪੂਰੇ ਪਰਿਵਾਰ ਲਈ ਪੋਸ਼ਣ...!

**ਡਾ. ਰਮਨ:** ਪਰ ਪ੍ਰਬੰਧਨ.. ਮੈਨਜਮੈਂਟ ਕਿਵੇਂ???

**ਡਾ. ਸੁਨੀਤਾ:** ਡਾ. ਰਮਨ ! ਦੇਸ਼ ਵਿਚ ਲਗਭਗ 86% ਛੋਟੇ ਤੇ ਸੀਮਾਂਤ ਕਿਸਾਨ ਹਨ... ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ.. ਅਤੇ ਇਨ੍ਹਾਂ ਦੇ ਲਈ ਇਸ ਪ੍ਰਕਾਰ ਦੀ ਮਿਸ਼ਰਤ ਖੇਤੀ ਕਰਨਾ ਮੁਸ਼ਕਿਲ ਨਹੀਂ ਸਗੋਂ ਉਨ੍ਹਾਂ ਵਾਸਤੇ ਤਾਂ ਇਹ ਆਰਥਿਕ ਤੌਰ 'ਤੇ ਜ਼ਿਆਦਾ ਲਾਭਦਾਇਕ ਹੈ...!

**ਡਾ. ਬਲਵਿੰਦਰ:** ਨਾਲੇ ਜਦੋਂ ਪੂਰਾ ਪਰਿਵਾਰ ਮਿਹਨਤ ਕਰਨ ਲਈ ਤਿਆਰ ਹੋਵੇ ਤਾਂ ਸਾਂਭ-ਸੰਭਾਲ ਦੀ ਕਾਹਦੀ ਕੋਈ ਦਿੱਕਤ !

**ਡਾ. ਨੀਲ:** ਕੇਵਲ ਖੁਰਾਕੀ ਫ਼ਸਲਾਂ ਦੀ ਹੀ ਨਹੀਂ ਬਲਕਿ ਦੁਨੀਆ ਵਿਚ ਪਾਲਤੂ ਪਸ਼ੂਆਂ ਦੀ ਵੰਨ-ਸੁਵੰਨਤਾ ਤੇ ਨਸਲਾਂ ਵੀ ਭਾਰਤ ਵਿਚ ਹੀ ਨੇ ਸੱਭ ਤੋਂ ਵੱਧ ! ਦੇਸੀ ਗਾਂ ਦੀਆਂ ਲਗਭਗ 40 ਨਸਲਾਂ ਲੱਭੀਆਂ ਗਈਆਂ ਹਨ ਤੇ ਅਨੇਕਾਂ ਦੀ ਲੱਭਤ ਅਜੇ ਹੋਈ ਨਹੀਂ ਤੇ ਕਈ ਤਾਂ ਅਲੋਪ ਵੀ ਹੋ ਚੁੱਕੀਆਂ...!

**ਡਾ. ਰਮਨ:** ਠਕਿ ਹੈ ਕਿ ਭਾਰਤ ਜੈਵ ਵਿਭਿੰਨਤਾ ਵਿਚ ਧਨੀ ਹੈ, ਪਰ ਕੀ ਕੇਵਲ ਜੈਵ ਵਿਭਿੰਨਤਾ ਦੇ ਸਹਾਰੇ ਹੀ ਟਿਕਾਊ ਵਿਕਾਸ ਸੰਭਵ ਹੈ ? ਕੀ ਤਕਨਾਲੌਜੀ ਦੀ ਜ਼ਰੂਰਤ ਨਹੀਂ? ਕੀ ਹਰੀ ਕ੍ਰਾਂਤੀ ਬਿਨਾਂ ਸਾਡੇ ਗੋਦਾਮ ਅਨਾਜ ਨਾਲ ਭਰ ਸਕਦੇ ਨੇ?

**ਡਾ. ਨੀਲ:** ਤਕਨਾਲੋਜੀ ਨੂੰ ਨਕਾਰਿਆ ਤਾਂ ਨਹੀਂ ਜਾ ਸਕਦਾ ਪਰ ਕੀ ਟਿਕਾਊ ਵਿਕਾਸ ਕੇਵਲ ਤਕਨਾਲੌਜੀ ਦੇ ਭਰੋਸੇ ਸੰਭਵ ਹੈ...? ਕੀ ਕੁਦਰਤ ਦੀ ਕੋਈ ਭੂਮਿਕਾ ਨਹੀਂ ?

**ਡਾ. ਰਮਨ:** ਕੁਦਰਤ ਮਨੁੱਖ ਦੇ ਅਧੀਨ ਹੈ ! ਮਨੁੱਖ ਨੇ ਕੁਦਰਤ ‘ਤੇ ਜਿੱਤ ਪ੍ਰਾਪਤ ਕਰ ਲਈ ! ਹੁਣ ਕੁਦਰਤ ਨਹੀਂ ਮਨੁੱਖ ਤੈਅ ਕਰੇਗਾ ਕਿ ਵਿਕਾਸ ਦੀ ਦਿਸ਼ਾ ਕੀ ਹੋਵੇਗੀ,?

**ਡਾ. ਸੁਨੀਤਾ:** ਡਾ. ਰਮਨ ! ਕੀ ਸੱਚੀਂ ਕੁਦਰਤ ਮਨੁੱਖ ਦੇ ਅਧੀਨ ਹੈ? ਦੇਸ਼ ਦੇ ਪ੍ਰਮੁੱਖ ਖੇਤੀ ਵਿਗਿਆਨੀਆਂ ਨੇ ਪਿੱਛੇ ਜਿਹੇ ਜੈਵਿਕ ਖੇਤੀ ਸਬੰਧੀ ਆਪਣੀ ਰਾਏ ਪੇਸ਼ ਕਰਦੇ ਹੋਏ ਦੱਸਿਆ ਕਿ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਦੀ ਗੈਰ-ਵਿਗਿਆਨਕ ਵਰਤੋਂ ਦੇ ਕਾਰਨ ਅੱਜ ਪੰਜਾਬ ਵਿਚ ਐੱਨ.ਪੀ.ਕੇ. ਦਾ ਅਨੁਪਾਤ 39:9:1 ਤੱਕ ਅੱਪੜ ਗਿਆ ਹੈ ਜਦ ਕਿ ਇਹ 4:2:1 ਹੋਣਾ ਚਾਹੀਦਾ ਹੈ...

**ਡਾ. ਬਲਵਿੰਦਰ:** ਹਾਂ ! ਸਾਡਾ ਤਾਂ ਐੱਨ.ਪੀ.ਕੇ. ਦਾ ਰਾਸ਼ਟਰੀ ਔਸਤ ਅਨੁਪਾਤ ਵੀ 7:3:1 ਹੈ ਜਿਹੜਾ ਅੰਤਰਰਾਸ਼ਟਰੀ ਤੈਅ ਅਨੁਪਾਤ 4:2:1 ਤੋਂ ਕਿਤੇ ਜ਼ਿਆਦਾ ਹੈ।

**ਡਾ. ਨੀਲ:** ਹਰੀ ਕ੍ਰਾਂਤੀ ਦੀ ਸ਼ੁਰੂਆਤ ਵਿਚ ਇਕ ਕਿਲੋਗ੍ਰਾਮ ਐਨ.ਪੀ.ਕੇ. ਪਿੱਛੇ 50 ਕਿਲੋਗ੍ਰਾਮ ਝਾੜ ਮਿਲਦਾ ਸੀ ਜਦ ਕਿ ਹੁਣ ਇਹ ਝਾੜ ਘੱਟ ਕੇ ਕੇਵਲ 10 ਕਿਲੋਗ੍ਰਾਮ ਹੀ ਰਹਿ ਗਿਆ !

**ਡਾ. ਸੁਨੀਤਾ:** ਖਾਦ ਜ਼ਿਆਦਾ ਪਰ ਝਾੜ ਘੱਟ ! ਮਿੱਟੀ ਦੀ ਉਪਜਾਊ ਸ਼ਕਤੀ ਘਟ ਰਹੀ ਤੇ ਕਿਸਾਨਾਂ ਦੀ ਲਾਗਤ ਵਧ ਰਹੀ ਹੈ...!

**ਡਾ. ਰਮਨ:** ਤਾਂ ਕੀ, ਹਰੀ ਕ੍ਰਾਂਤੀ ਗ਼ਲਤ ਸੀ?

**ਡਾ. ਨੀਲ:** ਨਹੀਂ ਡਾ. ਰਮਨ, ਹਰੀ ਕ੍ਰਾਂਤੀ ਉਸ ਸਮੇਂ ਦੀ ਜ਼ਰੂਰਤ ਸੀ ! ਉਸੇ ਦੀ ਬਦੌਲਤ ਅੱਜ ਅਸੀਂ ਭੋਜਣ ਦੇ ਮਾਮਲੇ ਵਿਚ ਸੰਪੰਨ ਹਾਂ ! ਪਰ ਰਸਾਇਣਿਕ ਖੇਤੀ ਦੀ ਦੌੜ ਵਿੱਚ ਅਸੀਂ ਆਪਣੀਆਂ ਵਾਤਾਰਨ ਨਰੋਈਆਂ ਰਵਾਇਤਾਂ ਨੂੰ ਭੁਲਾ ਬੈਠੇ !

**ਡਾ. ਸੁਨੀਤਾ:** ਸਾਡਾ ਵਾਤਾਵਰਨ, ਹਵਾ, ਪਾਣੀ ਤੇ ਮਿੱਟੀ ਪਲੀਤ ਹੋ ਗਏ ! ਸਿਹਤ ਨੂੰ ਲੱਗ ਗਿਆ ਘੁਣ !

**ਡਾ. ਬਲਵਿੰਦਰ:** ਹਾਂ ! ਅਸੀਂ ਤਕਨਾਲੌਜੀ ਦੀ ਦੌੜ ਵਿੱਚ ਐਨੇ ਅੰਨ੍ਹੇ ਹੋ ਗਏ ਕਿ ਈਕਾਲੌਜੀ ਨੂੰ ਭੁੱਲਾ ਹੀ ਬੈਠੇ ! ਇਸ ਦੌੜ ਨੇ ਰੋਲ ਦਿੱਤਾ ਟਿਕਾਊ ਵਿਕਾਸ ਦੇ ਸੰਕਲਪ ਨੂੰ ਵੀ...!

**ਡਾ. ਰਮਨ:** ਤਕਨਾਲੌਜੀ ਤਾਂ ਹੈ ਕੰਪਨੀਆਂ ਦੇ ਹੱਥ ! ਹਰ ਕੰਪਨੀ ਆਪਣੀ ਤਕਨਾਲੌਜੀ ਦੇ ਵਧੀਆ ਹੋਣ ਦਾ ਕਰ ਰਹੀ ਹੈ ਧੂੰਆਂ ਧਾਰ ਪ੍ਰਚਾਰ ! ਕਿਵੇਂ ਹੋਵੇ ਤੈਅ ਕਿ ਕਿਹੜੀ ਤਕਨਾਲੌਜੀ ਹੈ ਸਹੀ ਜਾਂ ਗ਼ਲਤ ?

**ਡਾ. ਨੀਲ:** ਡਾ. ਰਮਨ, ਦਰਅਸਲ ਖੇਤੀ ਵਿਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਦੇ ਬੁਰੇ ਪ੍ਰਭਾਵਾਂ ‘ਤੇ ਤਾਂ ਸੱਠਵਿਆਂ ਦੇ ਸੁਰੂ ਵਿਚ ਹੀ ਸਥਿਤੀ ਸਾਹਮਣੇ ਆ ਗਈ ਸੀ !

**ਡਾ. ਸੁਨੀਤਾ:** ਹਾਂ ! ਰਿਸ਼ੇਲ ਕਾਰਸਨ ਦੀ 1962 ਵਿੱਚ ਲਿਖੀ ਕਿਤਾਬ **'ਦ ਸਾਈਲੈਂਟ ਸਪ੍ਰਿੰਗ'** ਵਿੱਚ ਕੀਟਨਾਸ਼ਕਾਂ ਦੇ ਦੁਸ਼ ਪ੍ਰਭਾਵਾਂ ਦਾ ਖੁਲਾਸਾ ਕੀਤਾ ਗਿਆ ਸੀ !

**ਡਾ. ਰਮਨ:** ਪਰ ਉਦੋਂ ਕੰਪਨੀਆਂ ਨੇ ਤਾ ਕਾਰਸਨ ਦਾ ਬੁਰੀ ਤਰ੍ਹਾਂ ਵਿਰੋਧ ਕੀਤਾ ਸੀ...!

**ਡਾ. ਬਲਵਿੰਦਰ:** ਹਾਂ ! ਪਰ ਅੱਜ ਤਾਂ ਰਸਾਇਣਾਂ, ਕੀਟਨਾਸ਼ਕਾਂ ਦੇ ਬੁਰੇ ਪ੍ਰਭਾਵ ਕੋਈ ਲੁਕੀ ਛਿਪੀ ਗੱਲ ਨਹੀਂ ਰਹੀ !

**ਡਾ. ਨੀਲ:** ਝਗੜਾ ਰਸਾਇਣਿਕ ਜਾਂ ਜੈਵਿਕ ਦਾ ਨਹੀਂ ! ਦਰਅਸਲ ਅਸੀਂ ਕੁਦਰਤ ਦੇ ਨਾਲ ਇਕਸੁਰਤਾ ਵਿੱਚ ਜਿਉਣਾ ਛੱਡ ਦਿੱਤਾ ਹੈ...! ਵੈਸੇ ਉਦੋਂ ਵੀ 'ਦ ਸਾਈਲੈਂਟ ਸਪ੍ਰਿੰਗ' ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ !

**ਡਾ. ਸੁਨੀਤਾ:** ਜੈਵ ਵਿਭਿੰਨਤਾ ਨੂੰ ਦਰਪੇਸ਼ ਖ਼ਤਰਿਆਂ ਤੇ ਨਜ਼ਰ ਉਦੋਂ ਵੀ ਪਈ ਸੀ ਪਰ ਕੰਪਨੀਆਂ ਬਹੁਤ ਵੱਡੀਆਂ ਹਨ.. ਬਹੁਤ ਵੱਡੀਆਂ...! ਉਨ੍ਹਾਂ ਦੇ ਧੂੰਆਂ ਧਾਰ ਪ੍ਰਚਾਰ ਨੇ ਇਨ੍ਹਾਂ ਖਦਸ਼ਿਆਂ ਨੂੰ ਹਵਾ ਵਿੱਚ ਹੀ ਉਡਾ ਕੇ ਰੱਖ ਦਿੱਤਾ !

**ਡਾ. ਰਮਨ:** ਪਰ ਡਾ. ਨੀਲ, ਕੀ ਬਿਨਾਂ ਕੀਟਨਾਸ਼ਕਾਂ ਦੇ ਖਾਧ ਸੁਰੱਖਿਆ ਨਿਸ਼ਚਿਤ ਕੀਤੀ ਜਾ ਸਕਦੀ ਹੈ? ਕੀ ਅੱਜੋਕੀ ਸੰਘਣੀ ਖੇਤੀ ਬਿਨਾਂ ਕੀਟਨਾਸ਼ਕਾਂ ਦੇ ਚੰਗਾ ਝਾੜ ਲੈਣਾ ਸੰਭਵ ਹੈ...?

**ਡਾ. ਬਲਵਿੰਦਰ:** ਡਾ. ਰਮਨ, ਪਰ ਸੰਘਣੀ ਖੇਤੀ ਦਾ ਵਿਕਲਪ ਮਿਸ਼ਰਤ ਖੇਤੀ ਵੀ ਤਾਂ ਹੈ ! ਅਸੀਂ ਖੁਦ ਵੇਖਿਆ ਹੈ ਕਿ ਕਣਕ ਵਿੱਚ ਸਰ੍ਹੋਂ ਦੀਆਂ ਆਡਾਂ, ਕਣਕ ਛੋਲੇ ਰਲਵੇਂ ਬੀਜਣੇ, ਕਪਾਹ ਦੇ ਖੇਤਾਂ ਵਿੱਚ ਲੋਬੀਆ ਵੀ ਬੀਜ ਦੇਣਾ !

**ਡਾ. ਨੀਲ:** ਵੈਸੇ ਕੀਟਾਂ ਦਾ ਨਿਯੰਤਰਣ ਕੀਟਾਂ ਨਾਲ ਵੀ ਤਾਂ ਹੋ ਸਕਦਾ ਹੈ...!

**ਡਾ. ਸੁਨੀਤਾ:** ਕੀਟਾਂ ਵਿਚ ਮੌਜੂਦ ਵਿਭਿੰਨਤਾ ਦੇ ਕਾਰਨ ਕੀਟਾਂ ਦਾ ਜੈਵ-ਨਿਯੰਤਰਣ ਸੰਭਵ ਤਾਂ ਹੈ...ਪਰ ਰਸਾਇਣ ਕੰਪਨੀਆਂ ਦੇ ਪ੍ਰਚਾਰ ਤੇ ਕੀਟਨਾਸ਼ਕਾਂ ਦੇ ਛਿੜਕਾਅ ਦੀ ਸੌਖ ਕਾਰਨ ਇਸ ਪਾਸੇ ਵੱਲ ਵਧਿਆ ਨਹੀਂ ਜਾ ਰਿਹਾ!

**ਡਾ. ਬਲਵਿੰਦਰ:** ਪਰ ਸਾਡਾ ਰਵਾਇਤੀ ਗਿਆਨ ਹੈ, "ਕੀਟ ਨਿਯੰਤਰਨਾਇ, ਕੀਟ ਹੀ ਅਸਤਰਾਮੋਘਾ"... ਭਾਵ ਕੀਟ ਨਿਯੰਤਰਨ ਦੇ ਲਈ ਕੀਟ ਹੀ ਅਚੁੱਕ ਹਥਿਆਰ ਹਨ !

**ਡਾ. ਸੁਨੀਤਾ:** ਹਾਂ ਸੰਭਵ ਤਾਂ ਹੈ ਪਰ ਇਸ ਬਾਬਤ ਵਿਸ਼ਾਲ ਲਾਮਬੰਦੀ ਤੇ ਜਾਗਰੂਕਤਾ ਹੀ ਇਸ ਵਰਤਾਰੇ ਨੂੰ ਬਦਲਣ ਵਾਸਤੇ ਇੱਕ ਅਸਤਰ ਸਾਬਤ ਹੋ ਸਕਦੀ ਹੈ !

**ਡਾ. ਰਮਨ:** ਠੀਕ ਹੈ ਜੈਵ ਵਿਭਿੰਨਤਾ ਵੀ ਜ਼ਰੂਰੀ ਹੈ ਪਰ ਅੱਜ ਦੇ ਵਿਗਿਆਨਕ ਯੁੱਗ ਵਿਚ ਕੀਟਾਂ ਦੁਆਰਾ ਕੀਟਾਂ 'ਤੇ ਨਿਯੰਤਰਣ 'ਤੇ ਵਿਸ਼ਵਾਸ ਕਰਨਾ ਔਖਾ ਹੈ...

**ਡਾ. ਬਲਵਿੰਦਰ:** ਨਹੀਂ ਡਾ. ਰਮਨ ! ਹਰਿਆਣਾ ਦੇ ਜੀਂਦ ਦੇ ਪਿੰਡ ਨਿਡਾਨਾ ਵਿਚ ਕਿਸਾਨਾਂ ਲਈ ਸੰਨ 2010 ਵਿਚ ਡਾ. ਸੁਰਿੰਦਰ ਦਲਾਲ ਨੇ ਕੀਟ ਪਾਠਸ਼ਾਲਾ ਰਾਹੀਂ ਕਿਸਾਨਾਂ ਨੂੰ ਕੀਟਾਂ ਬਾਰੇ ਜਾਗਰੂਕ ਕਰਨਾ ਸ਼ੁਰੂ ਕੀਤਾ। ਕਿਸਾਨਾਂ ਨੇ ਜਾਣ ਲਿਆ ਤੇ ਮੰਨ ਲਿਆ ਕਿ ਕੀਟ ਵੀ ਸਾਡੇ ਵਾਂਗ ਕੁਦਰਤ ਦਾ ਹੀ ਹਿੱਸਾ ਹਨ ਤੇ ਸਾਰਿਆਂ ਦੀ ਆਪਣੀ ਭੂਮਿਕਾ ਹੈ ! ਕੋਈ ਵੀ ਕੀਟ ਦੁਸ਼ਮਣ ਕੀਟ ਨਹੀਂ !

**ਡਾ. ਨੀਲ:** ਹਾਂ ! ਤੇ ਅੱਜ ਹਜ਼ਾਰਾਂ ਕਿਸਾਨ, ਕੀਟ ਪਾਠਸ਼ਾਲਾ ਨਾਲ ਜੁੜ ਚੁੱਕੇ ਹਨ, ਅਜਿਹੇ ਕਿਸਾਨ ਵੀ ਹਨ ਜਿਨ੍ਹਾਂ ਨੇ ਪਿਛਲੇ 6 ਸਾਲਾਂ ਤੋਂ ਕੀਟਨਾਸ਼ਕਾਂ ਦਾ ਛਿੜਕਾਅ ਨਹੀਂ ਕੀਤਾ !

**ਡਾ. ਸੁਨੀਤਾ:** ਉਨ੍ਹਾਂ ਦੀਆਂ ਫਸਲਾਂ ਦਾ ਝਾੜ ਤੇ ਆਮਦਨ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਵਾਲਿਆਂ ਨਾਲੋਂ ਵੱਧ ਹੈ !

ਡਾ. ਰਮਨ: ਪਰ ਕਿਵੇਂ ?

ਡਾ. ਬਲਵਿੰਦਰ: ਪਿੰਡ ਦੀਆਂ ਔਰਤਾਂ ਖੇਤ ਦਿਵਸ ਮਨਾਉਂਦੀਆਂ ਹਨ ਜਿਸ ਵਿਚ ਹਜ਼ਾਰਾਂ ਕਿਸਾਨ ਭਾਗ ਲੈਂਦੇ ਹਨ। ਉਹ ਉਥੇ ਨਿਡਾਨਾ ਤੇ ਲਲਿਤਖੇੜਾ ਆਦਿ ਪਿੰਡ ਦੀਆਂ ਔਰਤਾਂ ਤੋਂ ਕੀਟਾਂ ਦੇ ਵਿਸ਼ੇ ਵਿਚ ਜਾਣਕਾਰੀ ਲੈਂਦੇ ਹਨ...!

ਡਾ. ਰਮਨ: ਇਹ ਔਰਤਾਂ ਐਨੀਆਂ ਸਰਗਰਮ ਕਿਵੇਂ ਹਨ?

ਡਾ. ਨੀਲ: ਹਰਿਆਣਾ ਵਿੱਚ ਤਾਂ ਅੱਜ ਵੀ ਖੇਤੀ ਦਾ ਕਾਫੀ ਸਾਰਾ ਕੰਮ ਔਰਤਾਂ ਹੀ ਕਰਦੀਆਂ ਹਨ ਅਤੇ ਹੁਣ ਜੀਂਦ ਜ਼ਿਲ੍ਹੇ ਦੇ ਇਨ੍ਹਾਂ ਪਿੰਡਾਂ ਦੀਆਂ ਔਰਤਾਂ ਨੇ ਮਨ ਬਣਾ ਲਿਆ ਕਿ ਉਹ ਥਾਲੀ ਵਿਚ ਜ਼ਹਿਰ ਨਹੀਂ ਪਰੋਸਣਗੀਆਂ...!

ਡਾ. ਸੁਨੀਤਾ: ਇਸੇ ਲਈ ਬਿਨਾਂ ਕੀਟਨਾਸ਼ਕਾਂ ਦੇ ਖੇਤੀ ਕਰਨ ਦੀ ਵਿਧੀ ਦੀ ਜਾਣਕਾਰੀ ਉਹ ਲੈ ਰਹੀਆਂ ਹਨ ਅਤੇ ਦੂਜਿਆਂ ਨੂੰ ਇਹ ਜਾਣਕਾਰੀ ਦੇ ਵੀ ਰਹੀਆਂ ਹਨ।

ਡਾ. ਬਲਵਿੰਦਰ: ਮਜ਼ੇਦਾਰ ਗੱਲ ਹੈ ਕਿ ਇਨ੍ਹਾਂ ਔਰਤਾਂ ਨੇ ਤੇ ਹੋਰ ਕਿਸਾਨਾਂ ਨੇ 204 ਕੀਟਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿਚੋਂ 43 ਮਾਸਾਹਾਰੀ ਹਨ ਅਤੇ 161 ਸ਼ਾਕਾਹਾਰੀ ।

ਡਾ. ਨੀਲ: ਹਾਂ ! ਜਦੋਂ ਅਸੀਂ ਕੀਟਨਾਸ਼ਕਾਂ ਦਾ ਵਾਧੂ ਛਿੜਕਾਅ ਕਰਦੇ ਹਾਂ ਤਾਂ ਮਾਸਾਹਾਰੀ ਦੇ ਮੁਕਾਬਲੇ ਸ਼ਾਕਾਹਾਰੀ ਕੀਟਾਂ ਦੀ ਨਫਰੀ ਵਧ ਜਾਂਦੀ ਹੈ ਜੋ ਫਸਲਾਂ ਨੂੰ ਜਿਆਦਾ ਨੁਕਸਾਨ ਕਰਦੇ ਹਨ !

ਡਾ. ਸੁਨੀਤਾ: ਹਾਂ ! ਇਹ ਜਾਗਰੂਕ ਕਿਸਾਨ ਔਰਤਾਂ , ਇਕ ਖੇਤੀ ਵਿਗਿਆਨੀ ਦੀ ਤਰ੍ਹਾਂ ਕੀਟਾਂ ਦੇ ਅਧਿਅਨ ਵਾਸਤੇ ਆਪਣੇ ਹੱਥਾਂ ਵਿੱਚ ਲੈਂਸ ਲੈ ਕੇ ਜਾਂਦੀਆਂ ਹਨ !

ਡਾ. ਬਲਵਿੰਦਰ: ਇਨ੍ਹਾਂ ਨੇ ਦੇਖਿਆ ਕਿ ਪੌਦਿਆਂ 'ਤੇ ਲੱਗਣ ਵਾਲੀ ਸੁੰਡੀ, ਪੱਤਿਆਂ ਨੂੰ ਖਾ ਕੇ ਉਨ੍ਹਾਂ ਵਿਚ ਛੇਕ ਕਰ ਦਿੰਦੀ ਹੈ, ਪਰ ਕੁਦਰਤ ਵੱਲੋਂ ਅਕਤੂਬਰ ਮਹੀਨੇ ਦੌਰਾਨ ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾ ਕਿ ਸੂਰਜ ਦੀ ਰੌਸ਼ਨੀ ਹੇਠਲੇ ਪੱਤਿਆਂ ਤੱਕ ਪਹੁੰਚ ਸਕੇ ਅਤੇ ਉਹ ਪੱਤੇ ਵੀ ਪੌਦਿਆਂ ਦੇ ਲਈ ਭੋਜਨ ਬਣਾ ਸਕਣ।

ਡਾ. ਸੁਨੀਤਾ: ਰਵਾਇਤੀ ਗਿਆਨ ਤੇ ਆਧੁਨਿਕ ਵਿਗਿਆਨ ਦੇ ਇਸ ਅਨੋਖੇ ਸੰਗਮ ਨੂੰ ਦੇਖ ਕੇ ਖੇਤੀ ਵਿਗਿਆਨੀ ਵੀ ਹੈਰਾਨ ਜ਼ਰੂਰ ਹੋਣਗੇ...!

ਡਾ. ਬਲਵਿੰਦਰ: ਹਾਂ ! ਇਸ ਪੂਰੇ ਮਾਮਲੇ ਨੂੰ ਤਾਂ ਵਿਗਿਆਨਕ ਕਸੌਟੀ 'ਤੇ ਪਰਖਣ ਦੀ ਵੀ ਤਿਆਰੀ ਹੈ...!

ਡਾ. ਰਮਨ: ਹਾਂ ਬਿਨਾ ਵਿਗਿਆਨਕ ਲੀਹਾਂ ਤੇ ਪਰਖੇ ਅੱਜ ਕੱਲ੍ਹ ਆਮ ਹੋ ਹੋ ਗਿਆ ਕਿ ਜੋ ਮਰਜੀ ਕਹਿ ਦਿਓ ਤੇ ਕਮਾਈ ਕਰੋ! ਕਿਹੜਾ ਕਿਸੇ ਨੇ ਟੋਕਣਾ ਹੈ ! ਬੱਸ ਧੂੰਆਂ ਧਾਰ ਪ੍ਰਚਾਰ ਕਰਨ ਦੀ ਲੋੜ ਹੈ ! ਬੱਕਰੀ ਦੇ ਦੁੱਧ ਤੇ ਡੇਂਗੂ ਬੁਖਾਰ ਦਾ ਕਿਸਾ ਤੁਸੀਂ ਨਹੀਂ ਸੁਣ ਰਹੇ ?

ਡਾ. ਨੀਲ: ਹਾਂ ! ਇਸੇ ਲਈ ਤਾਂ ਕੀਟ ਪਾਠਸ਼ਾਲਾ ਦੇ ਅੰਦੋਲਨ ਦੀ ਵਿਗਿਆਨਕ ਪੁਸਟੀ ਕੀਤੀ ਜਾ ਰਹੀ ਹੈ !

ਡਾ. ਸੁਨੀਤਾ: ਹਾਂ ! ਅੱਗੇ ਤਾਂ ਇਸ ਨੂੰ ਵਿਗਿਆਨਕ ਪੁਸ਼ਟੀ ਤੋਂ ਬਾਅਦ ਲਜਾਇਆ ਜਾਣਾ ਚਾਹੀਦਾ ਹੈ !

ਡਾ. ਬਲਵਿੰਦਰ: ਪਰ ਇਸ ਵਿਚ ਸਭ ਤੋਂ ਵੱਧ ਜ਼ਰੂਰੀ ਹੈ ਕਿ ਕੀਟਾਂ ਦੀ ਪਛਾਣ ਅਤੇ ਇਨ੍ਹਾਂ ਦੇ ਨਾਲ ਜੁੜੇ ਵਿਗਿਆਨਕ ਤੱਥਾਂ ਨੂੰ ਪੂਰੀ ਤਰ੍ਹਾਂ ਸਮਝਿਆ ਜਾਵੇ !

**ਡਾ. ਨੀਲ:** ਪੰਜਾਬ ਵਰਗੇ ਰਾਜ ਦੇ ਕਿਸਾਨ ਵੀ , ਜਿਹੜੇ ਕੀਟਨਾਸ਼ਕਾਂ ਦੇ ਅੰਨ੍ਹੇਵਾਹ ਉਪਯੋਗ ਦਾ ਸੰਤਾਪ ਹੰਢਾ ਰਹੇ ਨੇ, ਕੀਟ ਸਾਖ਼ਰਤਾ ਅਭਿਆਨ ਦੀ ਸਾਰਥਕਤਾ ਨੂੰ ਸਮਝ ਰਹੇ ਅਤੇ ਉੱਥੇ ਜਾ ਕੇ ਜਾਣਕਾਰੀ ਲੈ ਰਹੇ ਨੇ...!

**ਡਾ. ਸੁਨੀਤਾ:** ਬਈ ਕਮਾਲ ਹੈ ਕਿ ਇਹ ਔਰਤਾਂ 204 ਪ੍ਰਕਾਰ ਦੇ ਕੀਟਾਂ ਨੂੰ ਪਛਾਣਦੀਆਂ ਹਨ ਤੇ ਉਨ੍ਹਾਂ ਵਿਚੋਂ ਵੀ ਸ਼ਾਕਾਹਾਰੀ ਅਤੇ ਮਾਸਾਹਾਰੀ ਕੀਟਾਂ ਨੂੰ ਅਲੱਗ-ਅਲੱਗ !ਕੀਟ ਨਾਸ਼ਕਾਂ ਦੀ ਵਰਤੋਂ ਨਹੀਂ ਕਰਦੀਆਂ ! ਇਹ ਹੈ ਜੈਵ ਵਿਭਿੰਨਤਾ ਦਾ ਕਮਾਲ, ਖੇਤੀ ਦੇ ਵਿਚ...!

**ਡਾ. ਰਮਨ:** ਜੈਵ-ਵਿਭਿੰਨਤਾ ਆਪਣੀ ਥਾਂ ! ਪਰ ਅੱਜ ਭਾਰਤ ਦੁੱਧ ਉਤਪਾਦਨ ਵਿਚ ਸੰਸਾਰ ‘ਚ ਪਹਿਲੇ ਨੰਬਰ ‘ਤੇ ਹੈ ਜਦ ਕਿ ਅੰਨ ਉਤਪਾਦਨ ਤੇ ਬਾਗ਼ਬਾਨੀ ਉਤਪਾਦਨ ਵਿਚ ਦੂਜੇ ਨੰਬਰ ‘ਤੇ! ਕੀ ਇਹ ਬਿਨਾਂ ਤਕਨਾਲਜੀ... ਬਿਨਾਂ ਦੋਗਲੇ (ਹਾਈਬ੍ਰਿਡ) ਬੀਜਾਂ ਦੇ ਸੰਭਵ ਸੀ...? ਦੱਸੋ...! ਸਵਾਲ ਅਜੇ ਵੀ ਉਹ ਹੀ ਖੜ੍ਹਾ ਹੈ... ਕਿ ਕੀ ਬਿਨਾਂ ਨਵੀਂ ਤਕਨਾਲੌਜੀ ਦੇ ਟਿਕਾਊ ਵਿਕਾਸ ਸੰਭਵ ਹੈ...?

**ਡਾ. ਨੀਲ:** ਟਿਕਾਊ ਵਿਕਾਸ ਕੀ ਹੈ ?

**(ਉਦੋਂ ਹੀ ਡਾ. ਬਲਵਿੰਦਰ ਦੇ ਮੋਬਾਇਲ ਦੀ ਘੰਟੀ ਵੱਜਦੀ ਹੈ।)**

**ਡਾ. ਬਲਵਿੰਦਰ:** ਹਾਂ... ਹੈਲੋ... ਹਾਂ ਬਸ! ਅੱਧੇ ਘੰਟੇ ਵਿਚ ਨਿਕਲ ਰਿਹਾ ਹਾਂ.. ਹਾਂ.. ਹਾਂ.. ਠੀਕ...ਹਾਂ... ਠੀਕ ਹੈ.. ਬਾਏ..

**------------ਫੋਨ ਕੱਟਦਾ ਹੈ।-----------**

**ਡਾ. ਸੁਨੀਤਾ: (ਹੱਸਦੇ ਹੋਏ)** ਲੱਗਦੈ ਡਾ. ਬਲਵਿੰਦਰ ਦੇ ਘਰੋਂ ਫੋਨ ਸੀ, ਕੀ ਹੋਇਆ ? ਝਿੜਕਾਂ ਪੈ ਗਈਆਂ...?

**--------------ਹਾਸਾ-------------**

**ਡਾ. ਬਲਵਿੰਦਰ:** ਬੇਟੀ ਦਾ ਫੋਨ ਸੀ ! ਸੋਮਵਾਰ ਨੂੰ ਕਾਲਜ ਵਿਚ ਉਸਨੇ ਮਿਲਕ ਐਲਰਜੀ ‘ਤੇ ਪੇਸ਼ਕਾਰੀ ਕਰਨੀ ਹੈ। ਬਸ! ਉਸ ਦੇ ਲਈ ਮੇਰੀ ਮੱਦਦ ਚਾਹੁੰਦੀ ਹੈ...ਝਿੜਕਿਆ ਨਹੀਂ...!

**-------------ਹਾਸਾ--------------**

**ਡਾ. ਰਮਨ:** ਅੱਜ ਸਾਡੀ ਚਰਚਾ ਦਾ ਦਿਨ ਹੈ ! ਫੋਨ ਸੁਣਨਾ ਮਨ੍ਹਾ !

**-----ਫਿਰ ਫੋਨ ਦੀ ਘੰਟੀ ਵੱਜਦੀ ਹੈ, ਡਾ. ਰਮਨ ਫੋਨ ਚੁੱਕਦੇ ਹਨ-----**

**ਡਾ. ਰਮਨ:** ਹਾਂ.. ਹੈਲੋ.. ਪਰ..ਪਰ.. ਚੰਗਾ. ਹਾਂ.. ਠੀਕ ਹੈ.. ਓ ਕੇ.. ਬਾਏ...

**ਡਾ. ਬਲਵਿੰਦਰ:** ਕੀ ਹੋਇਆ.. ਘਰੋਂ ਫੋਨ ਸੀ...? ਕੁਝ ਜ਼ਰੂਰੀ ਕੰਮ...?

**ਡਾ. ਰਮਨ:** ਨਹੀਂ ! ਬੱਸ ਝਿੜਕਾਂ ਪਈਆਂ...!

**------ਜ਼ੋਰਦਾਰ ਹਾਸਾ------**

**ਡਾ. ਰਮਨ:** ਘਰ ਵਾਲਿਆਂ ਨੂੰ ਕੀ ਪਤਾ ਕਿ ਅਸੀਂ ਕਿੰਨੀ ਜ਼ਰੂਰੀ ਚਰਚਾ ਕਰ ਰਹੇ ਹਾਂ, ਦੇਸ਼ ਜੋ ਬਦਲਣਾ ਹੈ..

**----ਜ਼ੋਰਦਾਰ ਹਾਸਾ----**

**ਡਾ. ਬਲਵਿੰਦਰ:** ਵਾਹ! ਡਾ. ਰਮਨ, ਤੁਸੀਂ ਵੀ ਚੰਗਾ ਮਜ਼ਾਕ ਕਰ ਲੈਂਦੇ ਹੋ..

**ਡਾ. ਰਮਨ:** ਹਾਂ.... ਉਹ ਤਾਂ ਹੈ.. ਜਦੋਂ ਬਹੁਤੀਆਂ ਝਿੜਕਾਂ ਪੈਂਦੀਆਂ ਹਨ ਤਾਂ ਮਜ਼ਾਕ ਸੁੱਝ ਹੀ ਜਾਂਦਾ ਹੈ...

-----ਹਾਸਾ-----

**ਡਾ. ਨੀਲ:** ਮਜ਼ਾਕ ਛੱਡੋ ! ਡਾ. ਰਮਨ ! ਮੇਰੇ ਸਵਾਲ ਦਾ ਜਵਾਬ ਦਿਓ ! ਦੱਸੋ, ਟਿਕਾਊ ਵਿਕਾਸ ਦਾ ਅਰਥ !

**ਡਾ. ਰਮਨ:** ਜਿਹੜਾ ਹਮੇਸ਼ਾ ਚੱਲਦਾ ਰਹੇ, ਵਾਤਾਵਰਣ ਨੂੰ ਸੁਰੱਖਿਅਤ ਰੱਖੇ ਅਤੇ ਕਿਸੇ ਦਾ ਵੀ ਸ਼ੋਸ਼ਣ ਨਾ ਹੋਵੇ.. ਨਾ ਮਨੁੱਖ ਦਾ ਤੇ ਨਾ ਵਾਤਾਵਰਨ ਦਾ...!

**ਡਾ. ਨੀਲ:** ਚਲੋ ਤਾਂ ਦਸੋ ! ਹਰੀ ਕ੍ਰਾਂਤੀ ਨੇ ਜੈਵ ਵਿਭਿੰਨਤਾ ਦਾ ਨਾਸ਼ ਨਹੀਂ ਕੀਤਾ ? ਕੀ ਮੌਜੂਦਾ ਸੰਘਣੀ ਖੇਤੀ ਵਿਧੀ ਨਾਲ ਵਾਤਾਵਰਨ ਅਤੇ ਮਨੁੱਖੀ ਸਿਹਤ ‘ਤੇ ਮਾੜਾ ਅਸਰ ਨਹੀਂ ਪੈ ਰਿਹਾ ? ਕੀ ਕੁਦਰਤ ਵਿੱਚ ਕੋਈ ਵੀ ਜੀਵ ਜਾਂ ਵਸਤੂ ਫਾਲਤੂ ਹੈ ?

**ਡਾ. ਸੁਨੀਤਾ:** ਕੁਦਰਤ ਵਿੱਚ ਨਹੀਂ ਕੋਈ ਚੀਜ ਵਾਧੂ ! ਇਹੀ ਤਾਂ ਹੈ ਕੁਦਰਤ ਦਾ ਜਾਦੂ ! ਟਿਕਾਊ ਵਿਕਾਸ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਆਪਣੇ-ਆਪ ਨੂੰ ਇਸ ਕੁਦਰਤ ਦਾ ਹਿੱਸਾ ਮੰਨੀਏ ਤੇ ਸਾਰੇ ਜੀਵਾਂ ਨੂੰ ਬਰਾਬਰ ਸਨਮਾਨ ਦਈਏ...!

**ਡਾ. ਬਲਵਿੰਦਰ:** ਬੱਸ ! ਫਿਰ ਤਾਂ ਸੁਲਝ ਗਿਆ... ਸਾਰਾ ਮਸਲਾ ਹੀ ! ਨਾ ਵਰਤੋ ਕੋਈ ਵੀ ਅਜਿਹੀ ਤਕਨਾਲੌਜੀ ਜਿਹੜੀ ਕਰੇ ਕੁਦਰਤ ਤੇ ਜੈਵ ਵਿਭਿੰਨਤਾ ਦਾ ਨੁਕਸਾਨ !

**ਡਾ. ਨੀਲ:** ਤੇ ਟਿਕਾਊ ਵਿਕਾਸ ਲਈ ਰੱਖੋ ਸਾਡੇ ਰਵਾਇਤੀ ਗਿਆਨ ਦਾ ਵੀ ਧਿਆਨ , ਕਰੋ ਇਸਦਾ ਸਨਮਾਨ !

**ਡਾ. ਬਲਵਿੰਦਰ:** ਹਾਂ ਠੀਕ ਹੈ... ਚਲੋ.. ਮੈਂ ਦੁੱਧ ਦੀ ਐਲਰਜੀ ‘ਤੇ ਥੋੜ੍ਹੀ ਰਿਸਰਚ ਵੀ ਕਰਨੀ ਹੈ... ਚੱਲੀਏ...ਹੁਣ !

**ਡਾ. ਰਮਨ:** ਕਿੱਥੇ ਚੱਲੇ...! ਮਿਲਕ ਐਲਰਜੀ ਦਾ ਕਾਰਨ ਤਾਂ ਇਸੇ ਜੈਵ ਵਿਭਿੰਨਤਾ ਵਿਚ ਭਾਲ ਲਵੋ !

**ਡਾ. ਸੁਨੀਤਾ:** ਚਲੋ ਤਾਂ ਹੁਣ ਡਾ. ਰਮਨ ਵੀ ਮੰਨ ਰਹੇ ਨੇ ਕਿ ਬਿਨਾਂ ਜੈਵ ਵਿਭਿੰਨਤਾ ਦੇ ਖੇਤੀ-ਕਿਸਾਨੀ ਸੰਭਵ ਨਹੀਂ ! ਅਤੇ ਟਿਕਾਊ ਵਿਕਾਸ ਦੇ ਲਈ ਮੌਜੂਦਾ ਖੇਤੀ ਦੇ ਤੌਰ ਤਰੀਕਿਆਂ ਵਿਚ ਬਦਲਾਅ ਦੀ ਲੋੜ ਹੈ...!

**ਡਾ. ਰਮਨ:** ਮੈਂ ਮੰਨ ਤਾਂ ਸ਼ੁਰੂ ਤੋਂ ਹੀ ਰਿਹਾ ਸੀ ਪਰ ਚਰਚਾ ਵਿਚ ਗਰਮੀ ਲਿਆਉਣੀ ਵੀ ਤਾਂ ਜ਼ਰੂਰੀ ਸੀ ! ਹਾਂ ! ਡਾ. ਬਲਵਿੰਦਰ, ਦੁੱਧ ਦੀ ਐਲਰਜ਼ੀ ਨੂੰ ਸਮਝਣਾ ਵਾਸਤੇ **ਏ**-1 ਤੇ **ਏ**-2 ਮਿਲਕ ਨੂੰ ਸਮਝਣਾ ਹੋਵੇਗਾ !

**ਡਾ. ਨੀਲ:** ਹਾਂ ਸਾਡੀਆਂ ਗਾਵਾਂ ਦੀ ਜੈਵ ਵਿਭਿੰਨਤਾ ਵੀ ਦੁੱਧ ਦੀ ਐਲਰਜੀ ਤੇ ਕਈ ਹੋਰ ਰੋਗਾਂ ਤੋਂ ਛੁਟਕਾਰਾ ਦਵਾਉਣ ਵਿਚ ਕਾਰਗਰ ਹੈ... !

**ਡਾ. ਬਲਵਿੰਦਰ:** ਹਾਂ ਦਿਲ ਦੇ ਰੋਗ, ਟਾਈਪ-1 ਸ਼ੱਕਰ ਰੋਗ ਤੇ ਔਟਿਜ਼ਮ ਵਰਗੇ ਦਿਮਾਗੀ ਰੋਗ ਦੁੱਧ ਨਾਲ ਹੋ ਸਕਦੇ ਹਨ !

**ਡਾ. ਰਮਨ:** ਹਾਂ.. ਦੁੱਧ ਪੀਣ ਨਾਲ ਆਟੋ-ਇਮਿਊਨ ਰੋਗ ਜਿਨ੍ਹਾਂ ਵਿਚ ਸਾਡਾ ਆਪਣਾ ਰੋਗ ਰੋਧਕ ਤੰਤਰ ਹੀ ਸਾਡੇ ਅੰਗਾਂ ਦੇ ਵਿਰੁੱਧ ਕੰਮ ਕਰਨ ਲੱਗ ਜਾਂਦਾ ਹੈ ਹੋ ਸਕਦੇ ਹਨ ! ।ਭਾਰਤ ਜਾਂ ਕਹਿ ਲਓ ਸਗਲ ਸੰਸਾਰ ਵਿੱਚ ਕਈ ਆਟੋ

ਇਮਿਊਨ ਰੋਗਾਂ ਦਾ ਕਾਰਨ ਹੈ - ਗਾਂ ਦਾ ਦੁੱਧ!

**ਡਾ. ਰਮਨ:** ਦੱਸਦਾ ਹਾਂ ਡਾ. ਸ਼ੁਨੀਤਾ...ਦੱਸਦੇ ਹਾਂ... ਗਾਂ ਦੇ ਦੁੱਧ ਵਿਚ ਕਈ ਪ੍ਰਕਾਰ ਦੇ ਪ੍ਰੋਟੀਨ ਹੁੰਦੇ ਹਨ, ਇੱਥੇ ਅਸੀਂ ਆਪਣੀ ਗੱਲ ਨੂੰ **ਏ**-1 ਬੀਟਾ ਕੇਸੀਨ ਅਤੇ **ਏ**-2 ਬੀਟਾ ਕੇਸੀਨ ਪ੍ਰੋਟੀਨ ਤੱਕ ਸੀਮਤ ਰੱਖਾਂਗੇ। ਇਨ੍ਹਾਂ **ਏ**-1 ਅਤੇ **ਏ**-2 ਬੀਟਾ ਪ੍ਰੋਟੀਨਾਂ ਨੂੰ ਸਮਝਣ ਨਾਲ ਤੁਹਾਨੂੰ ਦੁੱਧ ਅਤੇ ਹੋਰ ਰੋਗਾਂ ਵਿਚਲਾ ਰਿਸ਼ਤਾ ਸਮਝ ਆ ਜਾਵੇਗਾ। ਅੱਗੇ ਅਸੀਂ ਇਨ੍ਹਾਂ ਪ੍ਰੋਟੀਨਾਂ ਨੂੰ **ਏ**-1 ਤੇ **ਏ**-2 ਹੀ ਕਹਾਂਗੇ।

**ਡਾ. ਨੀਲ:** ਦਰਅਸਲ ਗਾਵਾਂ ਦੀਆਂ ਅਲੱਗ-ਅਲੱਗ ਨਸਲਾਂ **ਏ**-1 ਤੇ **ਏ**-2 ਦੁੱਧ ਦਿੰਦੀਆਂ ਹਨ।**ਏ**-1 ਦੁੱਧ ਦੇ ਹਜਮ ਹੋਣ 'ਤੇ ਇਕ ਬਹੁਤ ਖ਼ਤਰਨਾਕ ਪ੍ਰੋਟੀਨ, ਬੀਟਾਕੈਸੋਮਾਰਫਿਨ-7 (ਬੀ.ਸੀ.ਐਮ.7 ) ਨਾਮੀ ਨਾਰਕੋਟਿਕ ਭਾਵ ਨਸ਼ੀਲਾ ਪਦਾਰਥ ਤਿਆਰ ਹੁੰਦਾ ਹੈ। ਆਕਸੀਡੈਂਟ ਹੋਣ ਕਰਕੇ ਇਹ ਖ਼ਤਰਨਾਕ ਫਰੀ-ਰੈਡੀਕਲਸ ਪੈਦਾ ਕਰਦਾ ਹੈ।

**ਡਾ. ਰਮਨ:** ਹਾਂ ਤਾਂ ਬਸ! ਇਹ ਬੀ.ਸੀ.ਐਮ 7 ਹੀ ਸਾਰੇ ਰੋਗਾਂ ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ, ਔਟਿਜ਼ਮ ਆਦਿ ਬਿਮਾਰੀਆਂ ਦਾ ਕਾਰਨ ਹੈ।ਸੰਨ 2007 ਵਿਚ ਨਿਊਜ਼ੀਲੈਂਡ ਵਿਚ ਇਕ ਵਿਗਿਆਨਕ ਖੋਜ ਤੋਂ ਦੁੱਧ ਵਿਚ ਮੌਜੂਦ ਇਸ **ਏ**-1 ਬੀਟਾ ਕੇਸੀਨ ਪ੍ਰੋਟੀਨ ਦੇ ਬਾਰੇ ਪਤਾ ਚੱਲਿਆ ਅਤੇ ਉਸ ਤੋਂ ਬਾਅਦ ਦੁਨੀਆ ਭਰ ਵਿਚ ਕਈ ਵਿਗਿਆਨਕ ਖੋਜਾਂ ਇਸ 'ਤੇ ਹੋ ਚੁੱਕੀਆਂ ਹਨ !

**ਡਾ. ਨੀਲ:** ਜਦੋਂ ਜੀਵ ਦੇ ਗੁਣਸੂਤਰਾਂ ਦੇ ਡੀ.ਐਨ.ਏ. ਵਿਚ ਕੋਈ ਅਚਾਨਕ ਤਬਦੀਲੀ ਹੁੰਦੀ ਹੈ ਤਾਂ ਉਸ ਨੂੰ ਮਿਯੂਟੇਸ਼ਨ ਭਾਵ ਉਤਪਰਿਵਰਤਨ ਕਹਿੰਦੇ ਹਨ ! ਬਸ! ਅਜਿਹੇ ਹੀ ਇਕ ਉਤਪਰਿਵਰਤਨ ਦਾ ਨਤੀਜਾ ਹੈ ਬੀਟਾ ਕੇਸੀਨ ਪ੍ਰੋਟੀਨ !

**ਡਾ. ਰਮਨ:** ਏ-1 ਬੀਟਾ ਕੇਸੀਨ ਪ੍ਰੋਟੀਨ ਵਿਚ 209 ਅਮੀਨੋ ਤੇਜ਼ਾਬਾਂ ਦੀ ਲੜੀ ਵਿਚ 67 ਵੀਂ ਥਾਂ ਪ੍ਰੋਲੀਨ ਅਮੀਨੋ ਤੇਜ਼ਾਬ ਦੀ ਬਜਾਏ ਉਤਪਰਿਵਰਤਨ ਦੇ ਕਾਰਨ ਹਿਸਟੀਡੀਨ ਅਮੀਨੋ ਤੇਜ਼ਾਬ ਨੇ ਮੱਲ ਲਈ ! ਹਿਸਟੀਡੀਨ ਅਮੀਨੋ ਤੇਜ਼ਾਬ ਵਾਲੀਆਂ ਗਾਂਵਾਂ ਦਾ ਦੁੱਧ ਹੁੰਦਾ ਹੈ ਨੁਕਸਾਨਦਾਇਕ **ਏ**-1 ਬੀਟਾ ਕੇਸੀਨ ਪ੍ਰੋਟੀਨ ਨਾਲ ਯੁਕਤ ਦੁੱਧ !

**ਡਾ. ਨੀਲ:** ਤੇ ਜਿਨ੍ਹਾਂ ਗਾਵਾਂ ਵਿਚ ਇਹ ਉਤਪਰਿਵਰਤਨ ਨਹੀਂ ਹੋਇਆ ਉਨ੍ਹਾਂ ਦਾ ਦੁੱਧ ਹੁੰਦਾ ਹੈ, ਸ਼ੂਗਰ ਤੇ ਦਿਲ ਦੇ ਰੋਗਾਂ ਨਾਲ ਲੜਨ ਵਿਚ ਸਮਰਥ ਤੇ ਸਿਹਤ ਲਈ ਬਹੁਤ ਹੀ ਲਾਭਕਾਰੀ **ਏ**-2 ਬੀਟਾ ਕੇਸੀਨ ਪ੍ਰੋਟੀਨ ਵਾਲਾ ਦੁੱਧ !

**ਡਾ. ਰਮਨ:** **ਏ**-2 ਬੀਟਾ ਕੇਸੀਨ ਪ੍ਰੋਟੀਨ ਵਾਲਾ ਦੁੱਧ ਦਿੰਦੀਆਂ ਨੇ ਭਾਰਤੀ ਦੇਸੀ ਗਾਂਵਾਂ, ਅਫ਼ਰੀਕਨ ਦੇਸੀ ਗਾਵਾਂ ਤੇ ਬੱਕਰੀਆਂ! ਇਸ ਤੱਥ ਕਰਕੇ ਵਿਦੇਸ਼ੀ ਪੂਰੀ ਦੁਨੀਆ ਵਿਚ ਧੰਦਾ ਕਰਦੇ ਨੇ **ਏ**-1 ਬੀਟਾ ਕੇਸੀਨ ਵਾਲੇ ਦੁੱਧ ਦਾ ਪਰ ਆਪਣੇ ਦੇਸ਼ ਵਿਚ ਉਹ ਵੇਚਦੇ ਨੇ ਮਹਿੰਗੇ ਮੁੱਲ **ਏ**-2 ਬੀਟਾ ਕੇਸੀਨ ਪ੍ਰੋਟੀਨ ਵਾਲਾ ਦੁੱਧ ਹੀ ਜਿਆਦਾਤਰ!

**ਡਾ. ਨੀਲ:** ਹਾਂ, ਇਕ ਗੱਲ ਸੁਣੋ ਤੁਸੀਂ ਨਾਲ ਧਿਆਨ ! ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ! ਆਪਣੀਆਂ ਦੇਸ਼ੀ ਗਾਵਾਂ ਨੂੰ ਦੋਗਲੀਆਂ ਬਣਾ ਕੇ **ਏ**-2 ਬੀਟਾ ਕੇਸੀਨ ਪ੍ਰੋਟੀਨ ਵਾਲਾ ਦੁੱਧ ਪੈਦਾ ਕਰਨ ਦਾ ਕੀਤਾ ਖਾਤਮਾ ! ਬਣ ਗਿਆ ਇਹ ਦੁਨੀਆ ਦੀ ਸ਼ੂਗਰ ਦੀ ਰਾਜਧਾਨੀ ਤੇ ਦਿਲ ਦੇ ਰੋਗਾਂ ਦਾ ਘਰ !

**ਡਾ. ਸੁਨੀਤਾ:** ਵਾਹ ! ਹੁਣ ਤਾਂ ਸਪਸ਼ਟ ਹੀ ਹੋ ਗਿਆ ਕਿ ਸਾਡੀ ਅਨੁਵੰਸ਼ਿਕ ਵਿਭਿੰਨਤਾ ਕਿੰਨੀ ਹੈ ਮਹੱਤਵਪੂਰਨ ਤੇ ਇਸ ਨੂੰ ਬਚਾਉਣਾ ਹੈ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ...!

**ਡਾ. ਬਲਵਿੰਦਰ:** ਬਿਲਕੁਲ ਠੀਕ! ਅਸੀਂ ਵਿਕਾਸ ਜਾਂ ਕਹੋ ਵਿਨਾਸ਼ ਦੀ ਅੰਨ੍ਹੀ ਦੌੜ ਵਿਚ ਆਪਣੀ ਜੈਵ ਵਿਭਿੰਨਤਾ, ਆਪਣੀਆਂ ਫ਼ਸਲਾਂ, ਆਪਣੇ ਪਸ਼ੂਆਂ ਦੀਆਂ ਨਸਲਾਂ ਦਾ ਮਹੱਤਵ ਹੀ ਭੁੱਲ ਗਏ ਹਾਂ...

**ਡਾ. ਰਮਨ:** ਡਾ. ਬਲਵਿੰਦਰ.. ਭੁੱਲ ਤਾਂ ਅਸੀਂ ਘਰ ਜਾਣਾ ਵੀ ਗਏ.. ਮੈਂ ਚੱਲਿਆ ਹੁਣ.. ਹਾਂ ਤਾਂ ਡਾ. ਨੀਲ...ਡਾ. ਸੁਨੀਤਾ ਅੱਜ ਦੀ ਚਰਚਾ ਵਧੀਆ ਰਹੀ ਅਤੇ ਬਲਵਿੰਦਰ ਸਾਈਟ 'ਤੇ ਅਪਡੇਟ ਕਰ ਦੇਣਾ ਕਿ ਬਿਨਾਂ ਵਾਤਾਵਰਨ

ਸੁਰੱਖਿਆ..ਬਿਨਾਂ ਜੈਵ ਵਿਭਿੰਨਤਾ ਸੁਰੱਖਿਅਣ...ਬਿਨਾਂ ਮਨੁੱਖਤਾ ਦੇ ਅਹਿਸਾਸ ਦੇ, ਵਿਕਾਸ ਨਹੀਂ ਬਲਕਿ ਵਿਨਾਸ਼ ਹੈ... ਚਾਹੇ ਕੋਈ ਵੀ ਤਕਨਾਲੋਜੀ ਹੋਵੇ ਉਸ ਦੇ ਦੂਰ-ਰਸ ਸਿੱਟਿਆਂ ਦਾ ਮੁਲੰਕਣ ਜ਼ਰੂਰੀ ਹੈ ! ਵਿਸ਼ੇਸ਼ ਕਰਕੇ ਖੇਤੀ ਵਿਚ ਕਿਉਂਕਿ ਖੇਤੀ ਹੀ ਸਾਡੇ ਜੀਵਨ ਦਾ ਅਧਾਰ ਹੈ...!

ਡਾ. ਨੀਲ: ਵਾਹ! ਡਾ. ਰਮਨ ਬਿਲਕੁਲ ਠੀਕ ਕਿਹਾ ਪਰ ਇਕ ਗੱਲ ਤਾਂ ਸਾਈਟ ‘ਤੇ ਪਵਾਉਣਾ ਤਾਂ ਤੁਸੀਂ ਭੁੱਲ ਹੀ ਗਏ...

ਸਾਰੇ ਇਕੱਠੇ: ਕੀ?

ਡਾ. ਨੀਲ: ਕਿ ਡਾ. ਰਮਨ ਨੂੰ ਇਸ ਫੈਸਲੇ ‘ਤੇ ਛੇਤੀ ਪਹੁੰਚਾਉਣ ਵਿੱਚ ਉਨ੍ਹਾਂ ਦੀ ਪਤਨੀ ਦੀਆਂ ਝਿੜਕਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ...!

--------ਤੇਜ਼ ਹਾਸੇ ਦੇ ਨਾਲ ਸਮਾਪਤ------

ਪ੍ਰਸ਼ਨ:

ਪ੍ਰਸ਼ਨ-1 ਟਿਕਾਊ ਖੇਤੀ ਲਈ ਕੀ ਕਰਨਾ ਜਰੂਰੀ ਹੈ ?

ਉੱਤਰ: ਫਸਲਾਂ ਦੀ ਵੰਨ -ਸੁਵੰਨਤਾ ਤੇ ਇੱਕੋ ਫਸਲ ਦੀਆਂ ਸੈਂਕੜੇ ਵੰਨਗੀਆਂ ਦੀ ਸ਼ੰਭਾਲ

ਪ੍ਰਸ਼ਨ : ਬੀਟਾ ਏ-1 ਕੈਰਾਟੀਨ ਵਾਲੇ ਦੁੱਧ ਵਿੱਚ ਕੀ ਬਦਲਾਅ ਹੋਇਆ ਹੈ ਬੀਟਾ ਏ-2 ਦੇ ਮੁਕਾਬਲੇ ?

ਉੱਤਰ : ਇਸ ਵਿੱਚ 209 ਅਮੀਨੋ ਤੇਜ਼ਾਬਾਂ ਦੀ ਲੜੀ ਵਿਚ 67ਵੀਂ ਥਾਂ ਪ੍ਰੋਲੀਨ ਅਮੀਨੋ ਤੇਜ਼ਾਬ ਦੀ ਬਜਾਏ ਹਿਸਟੀਡੀਨ ਅਮੀਨੋ ਤੇਜ਼ਾਬ ਹੁੰਦਾ ਹੈ !